# ਪ੍ਰਸ਼ਨ-ਪੱਤਰ ਦੀ ਰੂਪ-ਰੇਖਾ
## ਪੇਪਰ ਸੈੱਟਰ ਲਈ ਵਿਸ਼ੇਸ਼ ਹਿਦਾਇਤਾਂ
## ਪੰਜਾਬੀ ਚੋਣਵੀਂ
## ਸ਼੍ਰੇਣੀ ਬਾਰ੍ਹਵੀਂ
## ਸੈਸ਼ਨ 2020-21

ਲਿਖਤੀ=80 ਅੰਕ
ਆਂਤਰਿਕ ਮੁਲਾਂਕਣ=20

ਅੰਕ

ਕੁੱਲ=100 ਅੰਕ

ਸੁੰਦਰ ਲਿਖਾਈ 05 ਅੰਕ

ਪ੍ਰ.1 ਵਸਤੂਨਿਸ਼ਠ ਪ੍ਰਸ਼ਨ 40 ਅੰਕ

ਹਰੇਕ ਭਾਗ ਵਿਚਲੇ ਪੰਜ ਪ੍ਰਸ਼ਨ ਹਰੇਕ ਪਾਠ-ਪੁਸਤਕ ਵਿੱਚੋਂ ਲਏ ਜਾਣ।

| | | |
|---|---|---|
| (ੳ) | ਇੱਕ ਜਾਂ ਦੋ ਸ਼ਬਦਾਂ ਵਿੱਚ ਉੱਤਰਾਂ ਵਾਲੇ ਪ੍ਰਸ਼ਨ | 5×2=10ਅੰਕ |
| (ਅ) | ਬਹੁਚੋਣਵੇਂ ਪ੍ਰਸ਼ਨ | 5×2=10ਅੰਕ |
| (ੲ) | ਸਹੀ/ਗ਼ਲਤ | 5×2=10 ਅੰਕ |
| (ਸ) | ਖ਼ਾਲੀ ਥਾਂਵਾਂ ਭਰੋ | 5×2=10 ਅੰਕ |

ਵਸਤੂਨਿਸ਼ਠ ਪ੍ਰਸ਼ਨ ਤਿੰਨੋਂ ਨਿਰਧਾਰਿਤ ਪਾਠ-ਪੁਸਤਕਾਂ ਵਿੱਚੋਂ ਲੜੀਂਦੇ ਅਨੁਪਾਤ ਅਨੁਸਾਰ ਹੋਣੇ ਚਾਹੀਦੇ ਹਨ।

ਪ੍ਰ.2 0ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)0 ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਵਿੱਚੋਂ ਇੱਕ-ਇੱਕ ਕਾਵਿ-ਅੰਸ਼ ਦੇ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰਨ ਲਈ ਕਿਹਾ ਜਾਵੇਗਾ। ਪ੍ਰਸੰਗ ਲਈ 2 ਅਤੇ ਵਿਆਖਿਆ ਲਈ 3ਅੰਕ ਹੋਣਗੇ। 2+3=5 ਅੰਕ

ਪ੍ਰ.3 0ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ)0 ਦੇ ਸੂਫ਼ੀ-ਕਾਵਿ ਅਤੇ ਗੁਰਮਤਿ-ਕਾਵਿ ਵਿੱਚੋਂ ਇੱਕ-ਇੱਕ ਰਚਨਾ ਦਾ ਨਾਂ ਦੇ ਕੇ ਕਿਸੇ ਇੱਕ ਦਾ ਕੇਂਦਰੀ ਭਾਵ ਲਿਖਣ ਲਈ ਕਿਹਾ ਜਾਵੇਗਾ। 4×1=4 ਅੰਕ

ਪ੍ਰ.4 0ਮੱਧ-ਕਾਲੀਨ ਪੰਜਾਬੀ-ਕਾਵਿ (ਝਲਕਾਂ ਤੇ ਇਤਿਹਾਸ) 0ਦੇ ਕਿੱਸਾ-ਕਾਵਿ ਅਤੇ ਬੀਰ-ਕਾਵਿ ਨਾਲ ਸੰਬੰਧਿਤ ਪਾਠ-ਅਭਿਆਸਾਂ ਵਿੱਚੋਂ ਦੋ ਪ੍ਰਸ਼ਨ ਦੇ ਕੇ ਕਿਸੇ ਇੱਕ ਪ੍ਰਸ਼ਨ ਦਾ ਉੱਤਰ ਲਿਖਣ ਲਈ ਕਿਹਾ ਜਾਵੇਗਾ। 7×1=7 ਅੰਕ

ਪ੍ਰ.5 0ਆਪ-ਬੀਤੀਆਂ0 ਪਾਠ-ਪੁਸਤਕ ਅਤੇ ਪਾਠ- ਅਭਿਆਸਾਂ ਉੱਤੇ ਆਧਾਰਿਤ ਚਾਰ ਪ੍ਰਸ਼ਨ ਪੁੱਛੇ ਜਾਣਗੇ ਅਤੇ ਉਹਨਾਂ ਵਿੱਚੋਂ ਕੋਈ ਦੋ ਪ੍ਰਸ਼ਨਾਂ ਦੇ ਕੇ ਉੱਤਰ ਲਿਖਣ ਲਈ ਕਿਹਾ ਜਾਵੇਗਾ। 4+4=8 ਅੰਕ

ਪ੍ਰ.6 0ਸਾਹਿਤ-ਬੋਧ0 ਪਾਠ-ਪੁਸਤਕ ਵਿੱਚੋਂ ਕਿਸੇ ਤਿੰਨ ਸਾਹਿਤ-ਰੂਪਾਂ ਦੇ ਨਾਂ ਦੇ ਕੇ ਕਿਸੇ ਇੱਕ ਬਾਰੇ ਨੋਟ ਲਿਖਣ ਲਈ ਕਿਹਾ ਜਾਵੇਗਾ। ਇਸ ਵਿੱਚ 2 ਅੰਕ ਸੰਬੰਧਿਤ ਸਾਹਿਤ-ਰੂਪ ਦੀ ਪਰਿਭਾਸ਼ਾ ਦੇਣ, 4 ਅੰਕ ਉਸ ਦੀਆਂ ਵਿਸ਼ੇਸ਼ਤਾਈਆਂ ਅਤੇ 1 ਅੰਕ ਸੰਬੰਧਿਤ ਸਾਹਿਤ-ਰੂਪ ਦੇ ਕੋਈ ਅਹਿਮ 2-2 ਪੰਜਾਬੀ/ਲੇਖਕਾਂ /ਰਚਨਾਵਾਂ ਦੇ ਨਾਂ ਦੇਣ ਲਈ ਹੋਵੇਗਾ। 2+4+1=7 ਅੰਕ

ਪ੍ਰ.7 0ਸਾਹਿਤ-ਬੋਧ0 ਪਾਠ-ਪੁਸਤਕ ਵਿੱਚੋਂ ਇੱਕ ਛੰਦ, ਇੱਕ ਅਲੰਕਾਰ ਅਤੇ ਇੱਕ ਰਸ ਦਾ ਨਾਂ ਦੇ ਕੇ ਇਹਨਾਂ ਵਿੱਚੋਂ ਕਿਸੇ ਇੱਕ ਦੀ ਉਦਾਹਰਨਾਂ ਸਹਿਤ ਪਰਿਭਾਸ਼ਾ ਲਿਖਣ ਲਈ ਕਿਹਾ ਜਾਵੇਗਾ। 4×1=4 ਅੰਕ